PENJABI / PUNJABI

# ਤੱਥ ਜਾਣੋ:

# COVID-19 ਦੇ ਖਿਲਾਫ ਬੱਚਿਆਂ ਦਾ ਵੈਕਸੀਨੇਸ਼ਨ

COVID-19 ਵੈਕਸੀਨਜ਼ ਬੱਚਿਆਂ ਨੂੰ COVID -19 ਦਾ ਕਾਰਨ ਬਣਨ ਵਾਲੇ ਵਾਇਰਸ ਨਾਲ ਲੜਨ ਵਿੱਚ ਮਦਦ ਕਰਦੇ ਹਨ, ਅਤੇ ਗੰਭੀਰ ਸਿੱਟਿਆਂ ਤੋਂ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੇ ਹਨ।

**ਹੈਲਥ ਕੈਨੇਡਾ ਨੇ 6 ਮਹੀਨਿਆਂ ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ COVID -19 ਵੈਕਸੀਨਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਬੱਚਿਆਂ ਲਈ ਆਪਣੇ COVID -19 ਵੈਕਸੀਨਜ਼ ਨਾਲ ਅੱਪ-ਟੂ-ਡੇਟ ਰਹਿਣਾ ਮਹੱਤਵਪੂਰਨ ਹੈ। ਇਸਦਾ ਮਤਲਬ ਇਹ ਹੈ ਕਿ ਉਹਨਾਂ ਵਾਸਤੇ ਸਿਫਾਰਸ਼ ਕੀਤੀਆਂ ਸਾਰੀਆਂ ਵੈਕਸੀਨ ਦੀਆਂ ਖੁਰਾਕਾਂ ਪ੍ਰਾਪਤ ਕਰਨਾ।**

ਬੱਚਿਆਂ ਨੂੰ COVID -19 ਦੇ ਖਿਲਾਫ ਵੈਕਸੀਨੇਸ਼ਨ ਲਗਾਉਣਾ ਉਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਲਈ ਫਾਇਦੇਮੰਦ ਹੈ। ਹਾਲਾਂਕਿ ਬੱਚਿਆਂ ਦੇ COVID -19 ਤੋਂ ਬਹੁਤ ਜ਼ਿਆਦਾ ਬਿਮਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ, ਪਰ ਜੇ ਉਹ ਲਾਗ ਗ੍ਰਸਤ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਹਾਲੇ ਵੀ ਹੋ ਸਕਦਾ ਹੈ:

- COVID -19 ਦੀਆਂ ਪੇਚੀਦਗੀਆਂ ਜਿਵੇਂ ਕਿ ਸਾਹ ਲੈਣ ਵਿੱਚ ਮੁਸ਼ਕਿਲ ਕਾਰਨ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ
- ਬਿਮਾਰੀ ਤੋਂ ਠੀਕ ਹੋਣਾ ਜਾਪਣ ਦੇ ਬਾਅਦ ਵੀ ਲੰਬੀ-ਮਿਆਦ ਦੇ ਪ੍ਰਭਾਵ ਪੈ ਸਕਦੇ ਹਨ (COVID -19 ਤੋਂ ਬਾਅਦ ਦੀ ਸਥਿਤੀ, ਜਿਸ ਨੂੰ "Long COVID" ਵਜੋਂ ਵੀ ਜਾਣਿਆ ਜਾਂਦਾ ਹੈ)
- ਇੱਕ ਬਹੁਤ ਹੀ ਘੱਟ ਪਰ ਗੰਭੀਰ ਪੇਚੀਦਗੀ ਦਾ ਅਨੁਭਵ ਕਰ ਸਕਦੇ ਹਨ, ਜਿਸਨੂੰ ਬੱਚਿਆਂ ਵਿੱਚ ਮਲਟੀਸਿਸਟਮ ਇਨਫਲੇਮੇਟਰੀ ਸਿੰਡਰੋਮ (MIS-C) ਕਹਿੰਦੇ ਹਨ

ਕੁਝ ਖਾਸ ਮੈਡੀਕਲ ਸਥਿਤੀਆਂ ਵਾਲੇ ਬੱਚਿਆਂ ਨੂੰ ਵੀ COVID -19 ਤੋਂ ਗੰਭੀਰ ਬਿਮਾਰੀ ਦਾ ਵਧੇਰੇ ਖਤਰਾ ਹੋ ਸਕਦਾ ਹੈ। ਗੁੰਝੀਆਂ ਮੈਡੀਕਲ ਅਵਸਥਾਵਾਂ ਵਿੱਚ ਮੋਟਾਪਾ, ਦਮਾ, ਡਾਊਨ ਸਿੰਡਰੋਮ, ਨਿਊਰੋਲੋਜੀਕਲ ਵਿਕਾਰ ਅਤੇ ਕੰਮਜ਼ੋਰ ਇਮਯੂਨ ਸਿਸਟਮ ਵਾਲੀਆਂ ਅਵਸਥਾਵਾਂ ਸ਼ਾਮਲ ਹੋ ਸਕਦੀਆਂ ਹਨ, ਪਰ ਕੁਝ ਬੱਚੇ ਜੋ ਗੰਭੀਰ ਰੂਪ ਵਿੱਚ ਬਿਮਾਰ ਹੁੰਦੇ ਹਨ, ਹੋ ਸਕਦਾ ਹੈ ਕਿ ਉਹਨਾਂ ਵਿੱਚ ਖਤਰੇ ਦਾ ਕਾਰਨ ਨਾ ਵੀ ਹੋਵੇ।

ਜਦੋਂ ਹੋਰ ਵਿਅਕਤੀਗਤ ਜਨਤਕ ਸਿਹਤ ਉਪਾਵਾਂ ਨਾਲ ਜੋੜਿਆ ਜਾਂਦਾ ਹੈ ਜਿਵੇਂ ਕਿ ਬਿਮਾਰ ਹੋਣ 'ਤੇ ਘਰ ਰਹਿਣਾ ਅਤੇ ਜੇ ਉਮਰ ਮੁਤਾਬਕ ਉਚਿਤ ਹੋਵੇ ਤਾਂ ਮਾਸਕ ਪਹਿਨਣਾ (2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਸਕ **ਨਹੀਂ** ਪਹਿਨਣੇ ਚਾਹੀਦੇ), ਵੈਕਸੀਨੇਸ਼ਨ ਵਾਇਰਸ ਦੇ ਖਿਲਾਫ ਸੁਰੱਖਿਆ ਦੀ ਇੱਕ ਵਾਧੂ ਪਰਤ ਪ੍ਰਦਾਨ ਕਰਦਾ ਹੈ। ਵੈਕਸੀਨੇਸ਼ਨ ਇਮਿਊਨ ਸਿਸਟਮ ਨੂੰ ਵਾਇਰਸ ਪ੍ਰਤੀ ਵਧੇਰੇ ਤੇਜ਼ੀ ਨਾਲ ਪ੍ਰਤੀਕਿਰਿਆ ਕਰਨ ਵਿੱਚ ਮਦਦ ਕਰਦਾ ਹੈ ਅਤੇ COVID -19 ਨਾਲ ਬਹੁਤ ਜ਼ਿਆਦਾ ਬਿਮਾਰ ਹੋਣ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

ਜਿਨ੍ਹਾਂ ਬੱਚਿਆਂ ਨੂੰ ਪਹਿਲਾਂ ਹੀ COVID -19 ਹੋ ਚੁੱਕਾ ਹੈ, ਉਨ੍ਹਾਂ ਨੂੰ ਵੀ ਵੈਕਸੀਨੇਸ਼ਨ ਕਰਵਾਉਣੀ ਚਾਹੀਦੀ ਹੈ। ਲਾਗ ਲੱਗਣ ਤੋਂ ਬਾਅਦ ਵੈਕਸੀਨੇਸ਼ਨ ਇਮਿਊਨ ਪ੍ਰਤੀਕਿਰਿਆ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ COVID -19 ਦੇ ਖਿਲਾਫ ਮਜ਼ਬੂਤ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਸੁਰੱਖਿਆ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਨਵੇਂ ਵੇਰੀਐਂਟਸ ਦੇ ਵਿਰੁੱਧ ਸੁਰੱਖਿਆ ਵੀ ਸ਼ਾਮਲ ਹੈ।

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਵੈਕਸੀਨਜ਼ **ਦੇ ਵਿਕਾਸ ਅਤੇ ਸਮੀਖਿਆ ਕਰਨ ਵੇਲੇ ਵਿਗਿਆਨੀਆਂ ਨੇ ਸਾਵਧਾਨੀ ਪੂਰਵਕ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ।** ਵੈਕਸੀਨਜ਼ ਦੇ ਵਿਕਾਸ ਵਿੱਚ ਦਹਾਕਿਆਂ ਦੀ ਵਿਗਿਆਨਿਕ ਅਤੇ ਤਕਨਾਲੋਜੀ ਦੀ ਤਰੱਕੀ ਦੇ ਕਾਰਨ ਵੈਕਸੀਨਜ਼ ਜਲਦੀ ਉਪਲਬਧ ਹੋ ਸਕੇ ਸਨ, ਜਿਸ ਨੇ ਮੁਢਲੇ ਕੰਮ, ਨਵੀਂ ਸਮਰਪਿਤ ਖੋਜ ਅਤੇ ਰੈਗੂਲੇਟਰੀ ਸਹਾਇਤਾ ਅਤੇ ਫੰਡਿੰਗ, ਅਤੇ ਬੇਮਿਸਾਲ ਅੰਤਰਰਾਸ਼ਟਰੀ ਸਹਿਯੋਗ ਦੀ ਨੀਂਹ ਰੱਖੀ।

**ਜਦ** ਤੁਹਾਡੇ ਬੱਚੇ ਦਾ **ਸਰੀਰ ਵੈਕਸੀਨ ਪ੍ਰਤੀ ਪ੍ਰਤੀਕਿਰਿਆ ਦਿਖਾਉਂਦਾ ਹੈ ਤਾਂ ਹਲਕੇ ਦੁਸ਼-ਪ੍ਰਭਾਵ ਵਾਪਰ ਸਕਦੇ ਹਨ।** ਵੈਕਸੀਨਜ਼ ਪ੍ਰਤੀ ਪ੍ਰਤੀਕਿਰਿਆਵਾਂ ਅਕਸਰ ਘੰਟਿਆਂ ਜਾਂ ਦਿਨਾਂ ਦੇ ਅੰਦਰ ਆਪਣੇ ਆਪ ਚਲੀਆਂ ਜਾਂਦੀਆਂ ਹਨ। ਇਹਨਾਂ ਵਿੱਚ ਲਾਲੀ, ਦਰਦ, ਟੀਕੇ ਵਾਲੀ ਥਾਂ 'ਤੇ ਸੋਜਸ਼, ਅਤੇ ਕਾਂਬਾ ਲੱਗਣਾ, ਹਲਕਾ ਬੁਖਾਰ, ਥਕਾਵਟ, ਸਿਰ ਦਰਦ, ਜੋੜਾਂ ਦਾ ਦਰਦ ਅਤੇ ਮਾਸਪੇਸ਼ੀਆਂ ਵਿੱਚ ਦਰਦ ਜਿਹੇ ਵਧੇਰੇ ਆਮ ਲੱਛਣ ਸ਼ਾਮਲ ਹੋ ਸਕਦੇ ਹਨ। ਤੀਬਰ ਐਲਰਜੀ ਵਾਲੀਆਂ ਪ੍ਰਤੀਕਿਰਿਆਵਾਂ ਬਹੁਤ ਹੀ ਘੱਟ ਅਤੇ ਇਲਾਜਯੋਗ ਹੁੰਦੀਆਂ ਹਨ। ਜੇ ਇਹ ਹੁੰਦੀਆਂ ਹਨ, ਤਾਂ ਇਹ ਆਮ ਤੌਰ 'ਤੇ ਵੈਕਸੀਨ ਪ੍ਰਾਪਤ ਕਰਨ ਦੇ ਥੋੜ੍ਹੇ ਸਮੇਂ ਬਾਅਦ ਹੁੰਦੀਆਂ ਹਨ।

**ਸੁਰੱਖਿਆ ਅਤੇ ਅਣਚਾਹੇ ਅਸਰਾਂ ਵਾਸਤੇ** ਵੈਕਸੀਨਜ਼ **ਦੀ ਨਿਗਰਾਨੀ ਕੀਤੀ ਜਾਂਦੀ ਹੈ।** ਬਾਲਗਾਂ ਵਾਸਤੇ ਮਜ਼ਬੂਤ ਵੈਕਸੀਨ ਸੁਰੱਖਿਆ ਨਿਗਰਾਨੀ ਪ੍ਰਣਾਲੀਆਂ ਤੋਂ ਇਲਾਵਾ, ਕੈਨੇਡਾ ਵਿੱਚ ਬੱਚਿਆਂ ਦੇ ਵੈਕਸੀਨੇਸ਼ਨ ਵਾਸਤੇ ਇੱਕ ਸੁਰੱਖਿਆ ਨਿਗਰਾਨੀ ਪ੍ਰਣਾਲੀ ਵੀ ਹੈ। ਇਮਿਊਨਾਈਜੇਸ਼ਨ ਮੋਨੀਟਰਿੰਗ ਪ੍ਰੋਗਰਾਮ ACTive (IMPACT) ਨੈੱਟਵਰਕ ਇੱਕ ਬਾਲ-ਚਿਕਿਤਸਾ, ਹਸਪਤਾਲ-ਆਧਾਰਿਤ ਨੈੱਟਵਰਕ ਹੈ ਜਿਸਦਾ ਸੰਚਾਲਨ ਕੈਨੇਡੀਅਨ ਪੀਡੀਐਟਰਿਕ ਸੋਸਾਇਟੀ ਵੱਲੋਂ ਕੀਤਾ ਜਾਂਦਾ ਹੈ। IMPACT ਨੇ 20 ਸਾਲਾਂ ਤੋਂ ਵੱਧ ਸਮੇਂ ਤੋਂ ਬਚਪਨ ਦੇ ਟੀਕਿਆਂ ਦੀ ਨਿਗਰਾਨੀ ਕੀਤੀ ਹੈ।

**ਜੇ COVID-19 ਵੈਕਸੀਨਜ਼ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।**

ਤੱਥ ਜਾਣੋ। Canada.ca/covid-vaccine ਤੇ ਜਾ ਕੇ ਵਧੇਰੇ ਜਾਣੋ ਅਤੇ ਜਿੱਥੇ ਤੁਸੀਂ ਰਹਿੰਦੇ ਹੋ, ਉਸ ਬਾਰੇ ਵਿਸ਼ੇਸ਼ ਜਾਣਕਾਰੀ ਵਾਸਤੇ ਆਪਣੇ ਸੂਬੇ ਜਾਂ ਖਿੱਤੇ ਦੀ ਵੈੱਬਸਾਈਟ ਦੇਖੋ।

ID 04-50 / DATE 2022.08.05